# ਇਕ ਸੰਦੇਸ਼ : ਮਨੁੱਖ ਹੀ ਈਸ਼ਵਰ ਹੈ

ਸੰਸਾਰ ਵਿਚ ਵੈਦਿਕ, ਇਸਲਾਮ ਤੇ ਈਸਾਈ ਆਦਿ ਧਰਮ ਈਸ਼ਵਰ ਨੂੰ ਜਗਤ ਦਾ ਕਰਤਾ-ਧਰਤਾ ਮੰਨਦੇ ਹਨ। ਫਿਰ ਵੀ ਸੰਸਾਰ-ਰਚਨਾ ਦੀ ਕ੍ਰਿਆ ਵਿਚ ਕਾਫੀ ਮਤ-ਭੇਦ ਹੈ। ਜਿੱਥੇ ਈਸ਼ਵਰ ਨੂੰ ਸੰਸਾਰ ਦਾ ਕਰਤਾ ਦੱਸਣ ਦਾ ਝਗੜਾ ਪੈਦਾ ਹੁੰਦਾ ਹੈ, ਉੱਥੇ ਸਾਰੇ ਇਕ-ਮਤ ਹੋ ਜਾਂਦੇ ਹਨ।

ਪਰ ਜੈਨ-ਧਰਮ ਦਾ ਰਾਹ ਸਭ ਤੋਂ ਭਿੰਨ ਹੈ। ਉਹ ਸੰਸਾਰ ਨੂੰ ਅਨਾਦਿ ਤੇ ਅਨੰਤ ਮੰਨਦਾ ਹੈ। ਉਹਦਾ ਵਿਸ਼ਵਾਸ ਹੈ ਕਿ ਸੰਸਾਰ ਨਾ ਕਦੇ ਬਣਕੇ ਤਿਆਰ ਹੋਇਆ ਹੈ ਤੇ ਨਾ ਕਦੇ ਨਸ਼ਟ ਹੋਵੇਗਾ। ਪਦਾਰਥਾਂ ਦਾ ਰੂਪ ਜ਼ਰੂਰ ਬਦਲ ਜਾਂਦਾ ਹੈ। ਪਰ ਮੂਲ ਪਦਾਰਥ ਕਦੇ ਵੀ ਨਸ਼ਟ ਨਹੀਂ ਹੁੰਦਾ। ਇਸ ਸਿੱਧਾਂਤ ਦੇ ਅਨੁਸਾਰ ਸੰਸਾਰ ਦਾ ਰੂਪ ਬਦਲ ਜਾਂਦਾ ਹੈ—ਸਮੁੰਦਰ ਦੀ ਜਗ੍ਹਾ ਥਲ ਤੇ ਥਲ ਦੀ ਜਗ੍ਹਾ ਸਮੁੰਦਰ ਹੋ ਜਾਂਦਾ ਹੈ। ਉਜਾੜਾਂ ਵਿਚ ਆਬਾਦੀ ਹੋ ਜਾਂਦੀ ਹੈ ਤੇ ਆਬਾਦ ਇਲਾਕੇ ਉਜਾੜ ਹੋ ਜਾਂਦੇ ਹਨ।

**ਧਰਤੀ ਤੇ ਪਰਲੋਂ** ਹੁੰਦੀ ਹੀ ਰਹਿੰਦੀ ਹੈ ਪਰ ਮਹਾਪਰਲੋਂ **ਹੋ ਕੇ ਸਭ ਕੁਝ** ਨਸ਼ਟ ਹੋ ਜਾਏਗਾ ਤੇ ਫਿਰ ਨਵੇਂ ਸਿਰੇ **ਤੋਂ ਜਗਤ** ਦਾ ਨਿਰਮਾਣ ਹੋਵੇਗਾ । ਇਹ ਕਲਪਣਾ ਠੀਕ ਨਹੀਂ ।

### ❀ ਸੰਸਾਰ ਸ਼ਾਸਵਤ
[ਹਮੇਸ਼ਾ ਰਹਿਣ ਵਾਲਾ]

ਫਿਰ ਵੀ ਸਾਡੇ ਬਹੁਤ ਸਾਰੇ ਸਾਥੀ ਜਗਤ-ਉੱਤਪਤੀ ਦੇ ਸਿੱਧਾਂਤ ਨੂੰ ਮੰਨਦੇ ਹਨ। ਉਨ੍ਹਾਂ ਨੂੰ ਇਸ ਗੱਲ ਤੇ ਵਿਸ਼ਵਾਸ ਨਹੀਂ ਆਉਂਦਾ ਕਿ ਬਿਨਾਂ ਬਣਾਏ ਕਿਸੇ ਚੀਜ਼ ਦੀ ਹੋਂਦ ਰਹਿ ਸਕਦੀ ਹੈ। ਫੇਰ ਵੀ ਉਹ ਆਖਦੇ ਹਨ ਕਿ "ਜਗਤ ਦਾ ਬਨਾਉਣ ਵਾਲਾ ਈਸ਼ਵਰ ਹੈ।" ਕੀ ਕੋਈ ਪਦਾਰਥ ਬਿਨਾਂ ਬਣਾਏ ਆਪਣੀ ਹੋਂਦ ਨਹੀਂ ਰਖ ਸਕਦਾ ? ਜੇ ਨਹੀਂ ਰੱਖ ਸਕਦਾ ਤਾਂ ਈਸ਼ਵਰ ਦੀ ਹੋਂਦ ਕਿਸ ਪ੍ਰਕਾਰ ਹੈ ? ਉਸਨੂੰ ਕਿਸਨੇ ਬਣਾਇਆ ? ਇਹ ਸਾਰੇ ਪ੍ਰਸ਼ਨ ਜੈਨ-ਧਰਮ ਪੁੱਛਦਾ ਹੋਇਆ ਆਖਦਾ ਹੈ ਕਿ ਫਿਰ ਵੀ ਉਹ ਆਪਣੇ ਆਪ ਹੀ ਅਨਾਦਿ-ਕਾਲ ਤੋਂ ਆਪਣੀ ਹੋਂਦ ਰੱਖ ਸਕਦਾ ਹੈ। ਇਸੇ ਪ੍ਰਕਾਰ ਜਗਤ ਨੂੰ ਆਪਣੀ ਹੋਂਦ ਲਈ ਕਿਸੇ ਉਤਪਾਦਿਕ ਦੀ ਜ਼ਰੂਰਤ ਨਹੀਂ। ਉਹ ਵੀ ਈਸ਼ਵਰ ਦੀ ਤਰ੍ਹਾਂ ਬਿਨਾਂ ਕਿਸੇ ਨਿਰਮਾਣ ਦੇ ਆਪਣੇ ਆਪ ਸਿੱਧ ਹੈ।

ਈਸ਼ਵਰ ਨਿਰਾਕਾਰ ਹੈ। ਉਹ ਕੋਈ ਹੱਥ ਪੈਰ ਵਾਲਾ

ਸ਼ਰੀਰ ਨਹੀਂ ਰਖਦਾ। ਇਸਤੇ ਜੈਨ-ਦਰਸ਼ਨ ਦਾ ਤਰਕ ਹੈ ਕਿ ਬਿਨਾਂ ਹੱਥ-ਪੈਰ ਦੇ ਇਹ ਜਗਤ ਕਿਵੇਂ ਬਣ ਸਕਦਾ ਹੈ ? ਅਸੀਂ ਵੇਖਦੇ ਹਾਂ ਕਿ ਘੁਮਿਆਰ, ਸੁਨਿਆਰ ਆਦਿ ਕਰਤਾ ਹਥ ਨਾਲ ਹੀ ਚੀਜ਼ ਦਾ ਨਿਰਮਾਣ ਕਰਦੇ ਹਨ। ਕੋਈ ਵੀ ਕਰਤਾ ਬਿਨਾਂ ਸ਼ਰੀਰ ਦੇ ਕੀ ਕਰ ਸਕੇਗਾ ?

ਕੁਝ ਪੱਛਮੀ ਧਰਮ ਆਖਦੇ ਹਨ ਕਿ ਖੁਦਾ ਸ਼ਬਦ ਤੋਂ ਸੰਸਾਰ ਦੀ ਉੱਤਪਤੀ ਹੋਈ। ਖੁਦਾ ਨੇ 'ਸ਼ਬਦ' ਕਿਹਾ ਤੇ ਸੰਸਾਰ ਤਿਆਰ ਹੋ ਗਿਆ। ਅਸੀਂ ਪੁੱਛਦੇ ਹਾਂ ਕਿ ਖੁਦਾ ਦੇ ਸ਼ਰੀਰ ਹੈ ? ਕੀ ਖੁਦਾ ਜ਼ਬਾਨ ਹੈਂ ? ਕੀ ਖੁਦਾ ਦੇ ਮੂੰਹ ਹੈ ? ਉਹ ਭਰਾ ਆਖਦੇ ਹਨ ਕਿ ਖੁਦਾ ਦੇ ਸ਼ਰੀਰ, ਜ਼ਬਾਨ ਤੇ ਮੂੰਹ ਆਦਿ ਕੁਝ ਨਹੀਂ। ਸਾਨੂੰ ਹੈਰਾਨੀ ਹੈ ਕਿ ਜਦ ਮੂੰਹ ਵਿਚ ਜ਼ਬਾਨ ਨਹੀਂ ਤਾਂ 'ਕੁਣ' ਕਿਹਾ ਕਿਸ ਤਰ੍ਹਾਂ ? ਦੂਸਰੇ ਜਗਤ ਦਾ ਰੂਪ ਧਾਰਨ ਕਰਨ ਵਾਲੇ ਜ਼ੱਰੇ (ਪ੍ਰਮਾਣੂ) ਤਾਂ ਜੜ ਹਨ, ਜਦ ਤਕ ਕੰਨ ਨਹੀਂ ਸੁਣਦੇ ਉਹਨਾਂ ਖੁਦਾ ਦਾ ਹੁਕਮ ਕਿਸ ਤਰ੍ਹਾਂ ਸੁਣਿਆ ਅਤੇ ਜੇ ਉਹ ਜਦ ਬੋਲ ਸਕਦਾ ਹੈ, ਹੁਣ ਕਿਉਂ ਨਹੀਂ ਬੋਲ ਸਕਦਾ ? ਅੱਜ ਪ੍ਰਾਰਥਨਾ ਕਰਦੇ ਲੋਕ ਪਾਗਲ ਹੋ ਗਏ ਹਨ, ਉਹ ਬੋਲਦਾ ਨਹੀਂ ਜੇ ਉਹ ਬੋਲ ਪਵੇ ਤਾਂ ਹਜ਼ਾਰਾਂ ਨਾਸਤਿੱਕ ਆਸਤਿਕ ਹੋ ਜਾਣ। ਕਿੰਨਾਂ ਵੱਡਾ ਧਰਮ ਤੇ ਪਰ-ਉਪਕਾਰ ਦਾ ਕੰਮ ਹੋਵੇਗਾ ? ਕੀ ਰੱਬ ਨੂੰ ਇਹ ਪਸੰਦ ਨਹੀਂ ?

ਅੱਜ ਕਲ ਸਾਡੇ ਵੈਦਿਕ-ਧਰਮ ਦੀ ਸ਼ਾਖਾ ਵਾਲੇ

ਸਨਾਤਨ-ਧਰਮੀ ਤੇ ਆਰੀਆ-ਸਮਾਜੀ ਭਰਾ ਮੰਨਦੇ ਹਨ ਕਿ ਈਸ਼ਵਰ ਨੇ ਇੱਛਾ ਮਾਤਰ ਤੋਂ ਹੀ ਸੰਸਾਰ ਦੀ ਰਚਨਾ ਕਰ ਦਿਤੀ। ਪ੍ਰਮਾਤਮਾ ਨੂੰ ਜਿਵੇਂ ਹੀ ਇੱਛਾ ਪੈਦਾ ਹੋਈ ਕਿ ਦੁਨੀਆ ਤਿਆਰ ਹੋਵੇ ਤਦ ਪਹਾੜ, ਪਰਬਤ, ਚੰਦ-ਸੂਰਜ, ਥਲ ਤੇ ਸਮੁੰਦਰ ਤਿਆਰ ਹੋ ਗਏ। ਜੈਨ-ਦਰਸ਼ਨ ਇਸ ਤੇ ਤਰਕ ਕਰਦਾ ਹੈ ਕਿ ਈਸ਼ਵਰ ਦੇ ਮਨ ਤਾਂ ਹੈ ਨਹੀਂ ਫਿਰ ਇੱਛਾ ਕਿਸ ਤਰ੍ਹਾਂ ਕਰਦਾ ਹੈ। ਇੱਛਾ ਕਿਸੇ ਉੱਦੇਸ਼ ਲਈ ਹੁੰਦੀ ਹੈ। ਜਗਤ ਬਨਾਉਣ ਵਿਚ ਈਸ਼ਵਰ ਦਾ ਕੀ ਉੱਦੇਸ਼ ਹੈ ? ਈਸ਼ਵਰ ਦਿਆਲੂ ਹੈ, ਪਰਮ-ਪਿਤਾ ਹੈ। ਉਹ ਸ਼ੇਰ, ਸੱਪ ਆਦਿ ਦੁਸ਼ਟ-ਹਿੰਸਕ ਜਾਨਵਰਾਂ ਨਾਲ ਰੋਗ, ਦੁੱਖ, ਝਗੜੇ ਆਦਿ ਨਾਲ ਘਿਰੇ ਹੋਏ, ਚੋਰੀ ਯਾਰੀ, ਹਤਿਆ ਆਦਿ ਅਪਰਾਧਾਂ ਨਾਲ ਭਰੇ ਦੁਖੀ ਸੰਸਾਰ ਬਨਾਉਣ ਦੀ ਇੱਛਾ ਕਿਸ ਤਰ੍ਹਾਂ ਕਰ ਸਕਦਾ ਹੈ ? ਆਪ ਆਖੋਗੇ—'ਇਹ ਰੱਬ ਦੀ ਲੀਲ੍ਹਾ ਹੈ। ਭਲਾ ਇਹ ਕੀ ਲੀਲ੍ਹਾ ਹੈ ? ਬੇਚਾਰੇ ਸੰਸਾਰੀ-ਜੀਵ ਰੋਗ ਸ਼ੋਕ ਆਦਿ ਭਿਅੰਕਰ ਦੁੱਖ ਝੱਲਣ ਤੇ ਹੜ੍ਹ ਆਦਿ ਦੇ ਸਮੇਂ ਨਰਕਾਂ ਦੀ ਹਾਹਾ-ਕਾਰ ਮੱਚ ਜਾਵੇ ਅਤੇ ਉਹ ਈਸ਼ਵਰ ਆਪਣੀ ਇਹ ਸਭ ਲੀਲ੍ਹਾ ਕਰੇ ? ਕੋਈ ਵੀ ਭਲਾ ਆਦਮੀ ਇਸ ਰਾਖਸ਼ੀ-ਲੀਲ੍ਹਾ ਲਈ ਤਿਆਰ ਹੋ ਸਕਦਾ ਹੈ ? ਜੇ ਪ੍ਰਮਾਤਮਾ ਦਿਆਲੂ ਹੋ ਕੇ ਸੰਸਾਰ ਦਾ ਨਿਰਮਾਣ ਕਰਦਾ ਤਾਂ ਉਹ ਦੀਨ-ਦੁਖੀ ਅਤੇ ਪਾਪੀ ਜੀਵਾਂ ਨੂੰ ਕਿਉਂ ਪੈਦਾ ਕਰਦਾ ? ਅੱਜ ਜਿਸਨੂੰ ਦੁਖੀ ਵੇਖਕੇ ਸਾਡਾ ਦਿਲ ਭਰ ਆਉਂਦਾ

ਤੇ ਉਸਨੂੰ ਬਣਾਉਂਦੇ ਤੇ ਦੁੱਖਾਂ-ਭਰੀ ਹਾਲਤ ਵਿਚ ਰਖਦਿਆਂ ਰੱਬ ਨੂੰ ਤਰਸ ਨਾ ਆਇਆ ? ਤਾਂ ਅਸੀਂ ਉਸਨੂੰ ਦਿਆਲੂ ਕਿਸ ਪ੍ਰਕਾਰ ਆਖ ਸਕਦੇ ਹਾਂ ?

ਸਨਾਤਨ ਧਰਮ ਵਿਚ ਕਿਹਾ ਜਾਂਦਾ ਹੈ ਕਿ ਜਦ ਸੰਸਾਰ ਵਿਚ ਪਾਪੀ ਤੇ ਦੁਰਾਚਾਰੀ ਵਧ ਜਾਂਦੇ ਹਨ ਤਾਂ ਉਹਨਾਂ ਦੇ ਨਾਸ਼ ਕਰਨ ਲਈ ਈਸ਼ਵਰ ਅਵਤਾਰ ਧਾਰਣ ਕਰਦਾ ਹੈ। ਆਰੀਆ ਸਮਾਜੀ ਭਰਾ ਇਹ ਵੀ ਮੰਨਦੇ ਹਨ ਕਿ ਰੱਬ ਅਵਤਾਰ ਤਾਂ ਨਹੀਂ ਧਾਰਣ ਕਰਦਾ ਪਰ ਦੁਸ਼ਟਾਂ ਨੂੰ ਸਜ਼ਾ ਜ਼ਰੂਰ ਦਿੰਦਾ ਹੈ। ਜੈਨ ਦਰਸ਼ਨ ਪੁੱਛਦਾ ਹੈ ਕਿ ਈਸ਼ਵਰ ਸਰਵਗਯ (ਸਭ ਕੁਝ ਜਾਨਣ ਵਾਲਾ) ਹੈ, ਉਹ ਜਾਣਦਾ ਹੈ ਕਿ ਇਹ ਪਾਪੀ ਤੇ ਦੁਰਾਚਾਰੀ ਬਣਕੇ ਮੇਰੀ ਸ੍ਰਿਸ਼ਟੀ ਨੂੰ ਤੰਗ ਕਰਨਗੇ ਫਿਰ ਉਹਨਾਂ ਨੂੰ ਬਨਾਉਂਦਾ ਕਿਉਂ ਹੈ ? ਜ਼ਹਿਰ ਦਾ ਪੌਦਾ ਪਹਿਲਾਂ ਲਗਾਉਣਾ ਫਿਰ ਉਸਨੂੰ ਆਪ ਹੀ ਕੱਟਨਾ ਕਿਥੋਂ ਦੀ ਅਕਲਮੰਦੀ ਹੈ ? ਕੋਈ ਵੀ ਬੁੱਧੀਮਾਨ ਮਨੁੱਖ ਇਹ ਨਹੀਂ ਕਰੇਗਾ ਕਿ ਪਹਿਲਾਂ ਬੇ-ਅਰਥ ਚਿੱਕੜ ਵਿਚ ਕਪੜੇ ਖਰਾਬ ਕਰੇ ਤੇ ਫੇਰ ਧੋਵੇ। ਦੂਸਰੀ ਗੱਲ ਇਸ ਸਬੰਧ ਵਿਚ ਇਹ ਹੈ ਕਿ ਉਹ ਪਾਪੀ, ਈਸ਼ਵਰ ਤੋਂ ਵੱਧ ਬਲਵਾਨ ਹਨ ? ਕੀ ਈਸ਼ਵਰ ਉਹਨਾਂ ਨੂੰ ਰੋਕ ਨਹੀਂ ਸਕਦਾ ? ਜੇ ਪ੍ਰਭੂ ਦੀ ਇੱਛਾ ਨਾਲ ਹੀ ਇੰਨਾ ਵੱਡਾ ਜਗਤ ਬਣ ਸਕਦਾ ਹੈ ਤਾਂ ਉਹ ਆਪਣੀ ਪਰਜਾ ਨੂੰ ਦੁਰਾਚਾਰੀ ਤੋਂ ਸਦਾਚਾਰੀ ਨਹੀਂ ਬਣਾ ਸਕਦਾ ? ਜੇ ਉਹ ਸਾਡੇ ਤੇ ਤਰਸ ਰਖਦਾ ਤਾਂ ਉਹ ਅਪਣੀ ਸ਼ਕਤੀ ਨਾਲ

ਦੁਸ਼ਟਾਂ ਨੂੰ ਸੱਜਨ ਬਣਾਉਂਦਾ। ਇਹ ਕਿਥੋਂ ਦਾ ਨਿਆਂ ਹੈ ਕਿ ਪਾਪ ਕਰਦੇ ਸਮੇਂ ਦੋਸ਼ੀਆਂ ਨੂੰ ਰੋਕਨਾ ਨਹੀਂ ਪਰ ਬਾਦ ਵਿਚ ਸਜ਼ਾ ਦੇਣਾ ਤੇ ਨਸ਼ਟ ਕਰਣਾ। ਉਸ ਸਰਬ ਸ਼ਕਤੀਮਾਨ ਨੇ ਜੀਵਾਂ ਵਿਚ ਪਹਿਲਾਂ ਦੁਰਾਚਾਰ ਕਰਣ ਦੀ ਬੁੱਧੀ ਹੀ ਕਿਉਂ ਪੈਦਾ ਕੀਤੀ। ਆਪ ਕਹੋਗੇ :—ਈਸ਼ਵਰ ਨੇ ਜੀਵਾਂ ਨੂੰ ਕਰਮ ਕਰਨ ਵਿਚ ਸੁਤੰਤਰਤਾ ਦੇ ਰੱਖੀ ਹੈ, ਉਹ ਰੋਕ ਨਹੀਂ ਸਕਦਾ। ਤਾਂ ਭਾਈ ਇਹ ਕੀ ਆਜ਼ਾਦੀ ਹੈ? ਸੁਤੰਤਰਤਾ ਸਦਾਚਾਰ ਦੇ ਲਈ ਜਾਂ ਪਾਪਾਂ ਦੇ ਲਈ? ਕੀ ਕੋਈ ਇਨਸਾਫ ਵਾਲਾ ਰਾਜਾ ਅਜੇਹਾ ਕਰੇਗਾ? ਕੀ ਪਹਿਲਾਂ ਅਪਣੀ ਪਰਜਾ ਨੂੰ ਸੁਤੰਤਰ ਰੂਪ ਵਿਚ ਜਾਨ-ਬੁਝ ਕੇ ਚੋਰੀ ਤੇ ਦੁਰਾਚਾਰੀ ਦੀ ਖੁਲ੍ਹ ਦੇਵੇ ਤੇ ਫੇਰ ਸਜ਼ਾ ਦੇਵੇ ਕਿ ਤੂੰ ਚੋਰੀ ਕਿਉਂ ਕੀਤੀ? ਅੱਜ ਦੇ ਪ੍ਰਗਤੀਸ਼ੀਲ ਯੁਗ ਵਿਚ ਇਸ ਤਰ੍ਹਾਂ ਦਾ ਬੁੱਧੂ ਰਾਜਾ ਇਕ ਦਿਨ ਵੀ ਗੱਦੀ ਤੇ ਨਹੀਂ ਰਹਿ ਸਕਦਾ। ਪਤਾ ਨਹੀਂ ਅਜੇਹੇ ਬੁੱਧੂ ਰਬ ਨੂੰ ਰਾਜ ਗੱਦੀ ਤੇ ਬਿਠਾਉਣ ਨਾਲ ਸਾਡੇ ਰੱਬ ਦੇ ਪ੍ਰੇਮੀਆਂ ਦਾ ਕਿਹੜਾ ਮਸਲਾ ਹਲ ਹੁੰਦਾ ਹੈ? ਈਸ਼ਵਰ ਰਾਗ ਤੇ ਦਵੇਸ਼ ਤੋਂ ਰਹਿਤ ਹੈ। ਇਸ ਸਿੱਧਾਂਤ ਨੂੰ ਲੈਂਦਿਆਂ ਉਹ ਸੰਸਾਰ ਨੂੰ ਬਨਾਉਣ ਦੇ ਝੰਝਟ ਵਿਚ ਕਿਉਂ ਪਿਆ? ਰਾਗ ਦਵੇਸ਼ ਤੋਂ ਰਹਿਤ ਵੀਤਰਾਗ ਪੁਰਸ਼ ਸ੍ਰਿਸ਼ਟੀ ਨੂੰ ਰਚਣ ਤੇ ਮਿਟਾਉਣ ਦੇ ਖੇਲ ਨੂੰ ਕਦੇ ਪਸੰਦ ਨਹੀਂ ਕਰ ਸਕਦਾ। ਸੰਸਾਰ ਰਚਨਾ ਵਿਚ ਜਗ੍ਹਾ ਜਗ੍ਹਾ ਰਾਗ ਦਵੇਸ਼ ਦਾ ਸਾਹਮਣਾ ਕਰਣਾ ਪਵੇਗਾ। ਕਿਸੇ ਨੂੰ ਸੁਖੀ ਕਰਨਾ ਪਵੇਗਾ ਕਿਸੇ ਨੂੰ ਦੁਖੀ, ਕਿਸੇ ਨੂੰ

ਗਰੀਬ ਅਤੇ ਕਿਸੇ ਨੂੰ ਅਮੀਰ। ਕਿਸੇ ਨੂੰ ਕਸ਼ਮੀਰ ਜਿਹੇ ਸੁਵਰਗ ਵਿਚ ਕਿਸੇ ਨੂੰ ਤਪਦੇ ਰੇਗਿਸਤਾਨ ਵਿਚ ਰਹਿਣਾ ਪਵੇਗਾ। ਬਿਨਾਂ ਰਾਗ ਦਵੇਸ਼ ਦੇ ਇਹ ਸਭ ਕਿਵੇਂ ਸੰਭਵ ਹੋਵੇਗਾ।

## ❀ ਕਰਤਾ ਦੇ ਚੱਕਰ ਵਿਚ ਕਿਉਂ ਪਵੋ ?

ਜੇ ਤੁਸੀਂ ਆਖੋ ਕਿ ਰੱਬ ਜਾਂ ਈਸ਼ਵਰ ਅਪਣੀ ਇੱਛਾ ਨਾਲ ਨਹੀਂ ਕਰਦਾ ਕਿਸੇ ਦੀ ਇੱਛਾ ਨਾਲ ਕਰਦਾ ਹੈ ਤਾਂ ਇਸ ਦਾ ਜਵਾਬ ਹੈ ਕਿ ਜੇ ਕਿਸੇ ਦੀ ਇੱਛਾ ਤੇ ਜ਼ਬਰਦਸਤੀ ਇਹ ਨੀਰਸ ਕੰਮ ਰੱਬ ਨੂੰ ਕਰਨਾ ਪੈਂਦਾ ਹੈ ਤਾਂ ਰੱਬ ਹੀ ਕਾਹਦਾ ਹੋਇਆ ? ਫਿਰ ਤੇ ਜ਼ਬਰਦਸਤੀ ਕੰਮ ਕਰਵਾਉਣ ਵਾਲੀ ਸ਼ਕਤੀ ਰੱਬ ਅਖਵਾਏਗੀ। ਦੂਸਰੀ ਗੱਲ ਇਹ ਹੈ ਈਸ਼ਵਰ (ਕ੍ਰਿਤ ਕ੍ਰਿਤ ਹੋ ਕ੍ਰਿਤ ਕ੍ਰਿਤ) ਉਸਨੂੰ ਆਖਦੇ ਹਨ ਜਿਸ ਦਾ ਕੰਮ ਬਾਕੀ ਨਾ ਰਿਹਾ ਹੋਵੇ। ਜੇ ਸੰਸਾਰ ਦੇ ਕੰਮ ਈਸ਼ਵਰ ਨੇ ਹੀ ਕਰਨੇ ਹਨ ਤਾਂ ਉਹ ਕ੍ਰਿਤ ਕ੍ਰਿਤ ਨਹੀਂ ਰਹਿ ਸਕਦਾ। ਫਿਰ ਉਹ ਆਦਮੀ (ਉਲਝਣਾਂ ਵਿਚ ਫਸਿਆ ਹੋਇਆ) ਹੀ ਅਖਵਾਏਗਾ।

ਤੁਸੀਂ ਫੇਰ ਪੁਰਾਣਾ ਤਰਕ ਪੇਸ਼ ਕਰੋਗੇ ਕਿ ਰੱਬ ਆਪ ਕੰਮ ਨਹੀਂ ਕਰਦਾ ਉਹ ਤਾਂ ਜੀਵਾਂ ਦਾ ਜਿਹਾ ਕਰਮ ਹੁੰਦਾ ਹੈ ਫਲ ਦੇਣ ਦਾ ਕੰਮ ਕਰਦਾ ਹੈ। ਇਹ ਕੰਮ ਪਾਗਲਾਂ ਨੂੰ ਬਹਿਕਾਉਣ ਵਾਲਾ ਹੋ ਸਕਦਾ ਹੈ। ਇਸ ਵਿਚ ਅਸੀਂ ਇਕ

ਸੁੰਦਰ ਉਦਾਹਰਣ ਦੇ ਕੇ ਇਸ ਤਰਕ ਦਾ ਖੰਡਨ ਕਰਦੇ ਹਾਂ।

ਇਕ ਧਨੀ ਆਦਮੀ ਹੈ। ਉਸਨੇ ਕੁਝ ਅਜੇਹਾ ਕਰਮ ਕੀਤਾ ਜਿਸਦਾ ਫਲ ਉਸਨੂੰ ਧਨ ਦੇ ਚੋਰੀ ਹੋ ਜਾਣ ਨਾਲ ਮਿਲਦਾ ਹੈ। ਈਸ਼ਵਰ ਆਪ ਧਨ ਚੁਰਾਉਣ ਆਉਂਦਾ ਨਹੀਂ। ਹੁਣ ਧਨ ਕਿਸ ਤੋਂ ਚੁਰਾਏ ? ਹਾਂ ਤਾਂ ਕਿਸੇ ਚੋਰ ਰਾਹੀਂ ਧਨ ਚੁਕਵਾਉਂਦਾ ਹੈ। ਅਜੇਹੀ ਹਾਲਤ ਵਿਚ ਜਦ ਕਿ ਇਕ ਚੋਰ ਨੇ ਉਸ ਧਨੀ ਦਾ ਧਨ ਚੁਰਾਇਆ ਤਾਂ ਕੀ ਹੋਇਆ ? ਕੋਈ ਵਿਚਾਰਕ ਉੱਤਰ ਦੇ ਸਕਦਾ ਹੈ ਕਿ ਇਸ ਧਨ ਦੀ ਚੋਰੀ ਨਾਲ ਧਨੀ ਨੂੰ ਅਪਣੇ ਪਿਛਲੇ ਕਰਮ ਦਾ ਫਲ ਮਿਲਿਆ ਤੇ ਫੇਰ ਚੋਰ ਨੇ ਨਵਾਂ ਕਰਮ ਪੈਦਾ ਕਰ ਲਿਆ। ਇਸ ਨਵੇਂ ਕਰਮ ਦਾ ਫਲ ਈਸ਼ਵਰ ਨੇ ਰਾਜਾ ਰਾਹੀਂ ਚੋਰ ਨੂੰ ਜੇਲ ਪਹੁੰਚਾ ਕੇ ਦਿਵਾਇਆ। ਹੁਣ ਦਸੋ ਕਿ ਚੋਰ ਨੇ ਧਨੀ ਦਾ ਧਨ ਚੁਰਾਉਣ ਦੀ ਕੋਸ਼ਿਸ਼ ਕੀਤੀ ਉਹ ਅਪਣੀ ਸੁਤੰਤਰਤਾ ਨਾਲ ਜਾਂ ਰੱਬੀ ਰਜ਼ਾ ਨਾਲ ? ਜੇ ਅਪਣੀ ਮਰਜ਼ੀ ਨਾਲ ਕੀਤੀ ਹੈ ਤਾਂ ਇਸ ਵਿਚ ਈਸ਼ਵਰ ਦੀ ਪ੍ਰੇਰਣਾ ਕੁਝ ਨਹੀਂ। ਤਾਂ ਫਿਰ ਜੋ ਕਰਮ ਦਾ ਫਲ ਧਨੀ ਨੂੰ ਮਿਲਿਆ, ਈਸ਼ਵਰ ਦਾ ਦਿੱਤਾ ਨਹੀਂ ਮਿਲਿਆ। ਜੇ ਈਸ਼ਵਰ ਦੀ ਪ੍ਰੇਰਣਾ ਨਾਲ ਚੋਰ ਨੇ ਚੋਰੀ ਕੀਤੀ ਤਾਂ ਉਹ ਆਪ ਕਰਮ ਕਰਣ ਵਿਚ ਆਜ਼ਾਦ ਨਾ ਹੋਇਆ ਤੇ ਬੇ-ਕਸੂਰ ਹੋਇਆ। ਹੁਣ ਜਿਹੜਾ ਰੱਬ ਰਾਜੇ ਰਾਹੀਂ ਚੋਰ ਨੂੰ ਸਜ਼ਾ ਦਿਲਵਾਂਦਾ ਹੈ, ਉਹ ਕਿਸ ਇਨਸਾਫ ਤੇ ? ਪਹਿਲਾਂ ਆਪ ਹੀ ਚੋਰੀ ਕਰਵਾ ਕੇ ਫਿਰ ਸਜ਼ਾ ਦਿਲਾਉਣਾ, ਕਿਸ ਸੰਸਾਰ

ਦਾ ਇਨਸਾਫ ਹੈ ?

ਇਹ ਇਕ ਉਦਾਹਰਣ ਹੈ । ਇਸ ਉਦਾਹਰਣ ਨਾਲ ਹੀ ਝਗੜੇ ਦਾ ਹੱਲ ਹੋ ਜਾਂਦਾ ਹੈ । ਈਸ਼ਵਰ ਨੂੰ ਸਸਾਰੀ ਝਗੜੇ ਵਿਚ ਪੈਣ ਵਾਲਾ ਤੇ ਕਰਮ ਦੇਣ ਵਾਲਾ ਮੰਨੋਗੇ ਤਾਂ ਸੰਸਾਰ ਵਿਚ ਜਿੰਨੇ ਵੀ ਅਤਿਆਚਾਰ ਤੇ ਦੁਰਾਚਾਰ ਹਨ ਉਹਨਾਂ ਸਭਨਾਂ ਦਾ ਕਰਨ ਵਾਲਾ ਈਸ਼ਵਰ ਹੀ ਮੰਨਿਆ ਜਾਵੇਗਾ । ਇਸ ਦੇ ਲਈ ਠੋਸ ਪ੍ਰਮਾਣ ਇਹ ਹੈ ਕਿ ਜਿੰਨੇ ਵੀ ਕਰਮ ਫਲ ਮਿਲ ਰਹੇ ਹਨ, ਸਭ ਦੇ ਪਿੱਛੇ ਰੱਬ ਦਾ ਹੱਥ ਹੈ । ਅਤੇ ਇਹ ਚੰਗਾ ਤਮਾਸ਼ਾ ਹੁੰਦਾ ਹੈ ਕਿ ਦੋਸ਼ ਕਰੇ ਰੱਬ ਤੇ ਸਜ਼ਾ ਭੁਗਤੇ ਬੰਦਾ ।

## ❀ ਭਗਤੀ ਦਾ ਆਦਰਸ਼

ਜੈਨ ਧਰਮ ਪ੍ਰਮਾਤਮਾ ਨੂੰ ਜਗੜੇ ਦਾ ਕਰਤਾ ਤੇ ਕਰਮ ਫਲ ਦਾ ਦਾਤਾ ਨਹੀਂ ਮੰਨਦਾ ! ਇਸ ਤੇ ਸਾਡੇ ਬਹੁਤ ਸਾਰੇ ਪ੍ਰੇਮੀ ਕਿਹਾ ਕਰਦੇ ਸਨ ਕਿ ਜੇ ਪ੍ਰਮਾਤਮਾ ਸਾਨੂੰ ਦੁੱਖ-ਸੁੱਖ ਨਹੀਂ ਦਿੰਦਾ, ਤਾਂ ਉਸਦੀ ਭਗਤੀ ਕਰਨ ਦਾ ਕੀ ਲਾਭ ਹੈ ? ਜੇ ਸਾਡੇ ਕੰਮ ਨਹੀਂ ਆਉਂਦਾ, ਉਸ ਦੀ ਭਗਤੀ ਦੀ ਕੀ ਜ਼ਰੂਰਤ ? ਜੈਨ ਧਰਮ ਜਵਾਬ ਦਿੰਦਾ ਹੈ, ਕੀ ਭਗਤੀ ਦਾ ਭਾਵ ਕੰਮ ਲੈਣਾ ਹੈ ? ਰੱਬ ਨੂੰ ਮਜ਼ਦੂਰ ਬਣਾਏ ਬਿਨਾ ਭਗਤੀ ਨਹੀਂ ਹੋ ਸਕਦੀ ? ਇਹ ਭਗਤੀ ਕੀ ? ਇਹ ਤਾਂ ਇਕ ਤਰ੍ਹਾਂ ਦਾ ਵਿਉਪਾਰ ਹੈ । ਇਸ ਤਰ੍ਹਾਂ ਕਰਤਾ-ਵਾਦੀਆਂ

ਦੀ ਭਗਤੀ, ਭਗਤੀ ਨਹੀਂ ਈਸ਼ਵਰ ਨਾਲ ਚਾਪਲੂਸੀ ਹੈ ਅਤੇ ਅਪਣੇ ਸੁਖ ਦੇ ਲਈ ਚਾਪਲੂਸੀ ਕਰਨਾ ਜਾਂ ਰਿਸ਼ਵਤ ਦੇਣਾ ਬਰਾਬਰ ਹੈ। ਜੈਨ ਧਰਮ ਵਿਚ ਤਾਂ ਬਿਨਾ ਕਿਸੇ ਇੱਛਾ ਦੇ ਪ੍ਰਭੂ ਭਗਤੀ ਕਰਨਾ ਹੀ ਸੱਚੀ ਭਗਤੀ ਹੈ। ਨਿਸ਼ਕਾਮ ਭਗਤੀ ਹੀ ਸਰਵਉੱਚ ਭਗਤੀ ਹੈ। ਹੁਣ ਰਿਹਾ ਇਹ ਸਵਾਲ ਕਿ ਆਖਿਰ ਇਸ ਭਗਤੀ ਤੋਂ ਕੀ ਲਾਭ ਹੈ। ਇਸ ਦਾ ਉੱਤਰ ਇਹ ਹੈ ਕਿ ਪ੍ਰਮਾਤਮਾ ਅਧਿਆਤਮਕ ਉੱਚਤਾ ਦਾ ਆਦਰਸ਼ ਹੈ ਤੇ ਇਸ ਆਦਰਸ਼ ਦਾ ਉਚਿਤ ਸਿਮਰਨ ਸਾਨੂੰ ਰੱਬੀ ਭਗਤੀ ਰਾਹੀਂ ਹੁੰਦਾ ਹੈ। ਮਨੋਵਿਗਿਆਨ ਸ਼ਾਸਤਰ ਦਾ ਇਹ ਨਿਯਮ ਹੈ ਕਿ ਜੋ ਮਨੁੱਖ ਜਿਸ ਤਰ੍ਹਾਂ ਦੀ ਵਸਤੂ ਬਾਰੇ ਲਗਾਤਾਰ ਵਿਚਾਰ ਕਰਦਾ ਹੈ, ਚਿੰਤਨ ਕਰਦਾ ਹੈ। ਸਮਾਂ ਪੈਣ ਤੇ ਉਹ ਉਸੇ ਤਰ੍ਹਾਂ ਦਾ ਬਣ ਜਾਂਦਾ ਹੈ ਅਤੇ ਉਸੇ ਤਰ੍ਹਾਂ ਦੀ ਉਸਦੀ ਮਨੋਵਿਰਤੀ ਹੋ ਜਾਂਦੀ ਹੈ। ਜਿਸ ਦੀ ਜੇਹੀ ਭਾਵਨਾ ਹੁੰਦੀ ਹੈ ਉਹ ਉਸੇ ਤਰ੍ਹਾਂ ਦਾ ਰੂਪ ਧਾਰਣ ਕਰ ਲੈਂਦਾ ਹੈ। ਇਸ ਨਿਯਮ ਦੇ ਅਨੁਸਾਰ ਪ੍ਰਮਾਤਮਾ ਦਾ ਚਿੰਤਨ, ਮੰਨਨ ਤੇ ਸਿਮਰਣ ਕਰਣ ਨਾਲ ਪ੍ਰਮਾਤਮਾ ਪਦ ਦੀ ਪ੍ਰਾਪਤੀ ਹੁੰਦੀ ਹੈ। ਇਹ ਪ੍ਰਾਪਤੀ ਕੀ ਕੁਝ ਘੱਟ ਹੈ ?

ਇਸ ਲਈ ਸਾਨੂੰ ਇਹ ਮੰਨਨਾ ਪਵੇਗਾ ਕਿ ਜੈਨ ਧਰਮ ਦੀ ਭਗਤੀ, ਭਗਤ ਨੂੰ ਭਗਤ ਨਹੀਂ, ਸਗੋਂ ਭਗਵਾਨ ਬਣਾ ਦਿੰਦੀ ਹੈ ਪਰ ਇਸ ਲਈ ਪਹਿਲੀ ਸ਼ਰਤ ਇਹ ਹੈ ਕਿ ਆਤਮਾ ਦੀ ਸ਼ੁੱਧਤਾ ਤੇ ਭਗਤੀ ਵਿਚ ਵਿਸ਼ਵਾਸ਼ ਲਿਆਵੇ ਤੇ ਸਾਧਨਾ ਦੇ ਰਾਹ ਤੇ ਅੱਗੇ ਵਧ ਜਾਵੇ।

ਪਾਰਸ ਲੋਹੇ ਦਾ ਸੋਨਾ ਬਣਾ ਦਿੰਦਾ ਹੈ। ਇਸ ਵਿਚ ਪਾਰਸ ਦਾ ਕੋਈ ਚਮਤਕਾਰ ਨਹੀਂ। ਪਾਰਸ ਦਾ ਚਮਤਕਾਰ ਤਾਂ ਇਸ ਵਿਚ ਹੈ ਕਿ ਉਹ ਲੋਹੇ ਨੂੰ ਵੀ ਪਾਰਸ ਬਣਾ ਦੇਵੇ। ਜੈਨ ਧਰਮ ਦੀ ਸਾਧਨਾ ਦਾ ਵੱਡਾ ਚਮਤਕਾਰ ਲੋਹੇ ਨੂੰ ਪਾਰਸ ਬਣਾ ਦਿੰਦਾ ਹੈ।

* * *



● ਆਤਮਾ :

❀ ਜੋ ਇਕ ਆਤਮ-ਸਰੂਪ ਨੂੰ ਜਾਣਦਾ ਹੈ, ਉਹ ਸਭ ਕੁਝ ਜਾਣਦਾ ਹੈ। [ਅਚਾਰਾਂਗ]

❀ ਪੁਰਖ ! ਤੂੰ ਆਪ ਹੀ ਆਪਣਾ ਮਿੱਤਰ ਹੈਂ, ਤੂੰ ਬਾਹਰਲੇ ਸੰਸਾਰ ਵਿਚ ਆਪਣਾ ਮਿੱਤਰ ਕਿਉਂ ਤਲਾਸ਼ ਕਰਦਾ ਹੈਂ ? [ਅਚਾਰਾਗ]

❀ ਮੈਂ ਸੁਣਿਆ ਹੈ, ਅਤੇ ਅਨੁਭਵ ਕੀਤਾ ਹੈ ਕਿ ਬੰਧ ਤੇ ਮੋਕਸ਼ ਤੇਰੀ ਆਤਮਾ ਤੇ ਹੀ ਨਿਰਭਰ ਕਰਦੇ ਹਨ। [ਅਚਾਰਾਂਗ]

❀ ਆਪਣੀ ਆਤਮਾ ਹੀ ਨਰਕ ਦੀ ਵੈਤਰਨੀ ਨਦੀ ਅਤੇ ਕੁਟਸ਼ਾਮਲੀ ਬ੍ਰਿਛ ਹੈ ਅਤੇ ਆਪਣੀ ਆਤਮਾ ਹੀ ਸਵਰਗ ਅਤੇ ਕਾਮਧੇਨੂ ਗਊ ਹੈ। [ਉਤਰਾਧਿਅਨ]

❀ ਆਪਣੀ ਆਤਮਾ ਦੇ ਨਾਲ ਹੀ ਯੁੱਧ ਕਰਨਾ ਚਾਹੀਦਾ ਹੈ। ਬਾਹਰਲੇ ਦੁਸ਼ਮਨ ਦੇ ਨਾਲ ਯੁੱਧ ਤੋਂ ਕੀ ਲਾਭ ? ਆਤਮਾ ਦੇ ਰਾਹੀਂ ਆਤਮ-ਵਿਜੇਤਾ ਹੋਣ ਵਾਲਾ ਅਸਲ ਵਿਚ ਪੂਰਣ ਸੁਖੀ ਹੁੰਦਾ ਹੈ। [ਉਤਰਾਧਿਆਨ]

❀ ਮਨੁੱਖੋ ! ਜਾਗੋ... ... ...ਜਾਗੋ। ਤੁਸੀਂ ਕਿਉਂ ਨਹੀਂ ਜਾਗਦੇ। ਪਰਲੋਕ ਵਿਚ ਮੁੜ ਜਾਗਣਾ ਦੁਰਲਭ ਹੈ। ਬੀਤੀਆਂ ਹੋਈਆਂ ਰਾਤਾਂ ਕਦੇ ਵਾਪਿਸ ਨਹੀਂ ਆਉਂਦੀਆਂ। ਮਨੁੱਖੀ ਜੀਵਨ ਦੁਵਾਰਾ ਮਿਲਣਾ ਆਸਾਨ ਨਹੀਂ। [ਸੂਤਰਕ੍ਰਿਤਾਂਗ]

※ ਜੋ ਆਤਮਾ ਹੈ, ਉਹ ਹੀ ਗਿਆਨ ਹੈ। ਜੋ ਗਿਆਨ ਹੈ, ਉਹ ਹੀ ਆਤਮਾ ਹੈ। ਕਿਉਂਕਿ ਗਿਆਨ ਦੇ ਕਾਰਣ ਹੀ ਆਤਮਾ ਸ਼ਬਦ ਦਾ ਪ੍ਰਯੋਗ ਹੁੰਦਾ ਹੈ।

[ਅਚਾਰਾਂਗ]

※ ਹਰ ਵਿਚਾਰਕ ਹਰ ਰੋਜ਼ ਸੋਚ-ਵਿਚਾਰ ਕਰੇ ਕਿ ਮੈਂ ਕੀ ਕਰ ਲਿਆ ਹੈ। ਤੇ ਕੀ ਕਰਨਾ ਬਾਕੀ ਹੈ, ਕਿਹੜਾ ਕੰਮ ਸ਼ੱਕ ਵਾਲਾ ਹੈ ਜਿਸਨੂੰ ਮੈਂ ਨਹੀਂ ਕਰ ਸਕਦਾ ?

[ਦਸ਼ਵੈਕਾਲਿਕ ਚੂਲਿਕਾ]

※ ਆਤਮਾ ਹੀ ਆਪਣੇ-ਆਪਣੇ ਸੁੱਖ-ਦੁੱਖ ਦਾ ਕਰਤਾ ਤੇ ਭੋਗਣ ਵਾਲਾ ਹੈ। ਚੰਗੇ ਰਸਤੇ ਤੇ ਚੱਲਣ ਵਾਲਾ ਆਤਮਾ ਹੀ ਆਪਣਾ ਮਿੱਤਰ ਹੈ। ਬੁਰੇ ਰਸਤੇ ਤੇ ਚੱਲਣ ਵਾਲੀ ਆਤਮਾ ਆਪਣਾ ਦੁਸ਼ਮਨ ਹੈ। [ਉਤਰਾਧਿਆਨ]

※ ਮਨੁੱਖ ! ਤੂੰ ਆਪਣੇ ਆਪ ਨੂੰ ਵੱਸ ਵਿਚ ਕਰ। ਇਸ ਪ੍ਰਕਾਰ ਤੂੰ ਦੁੱਖਾਂ ਤੋਂ ਛੁਟਕਾਰਾ ਪਾ ਜਾਵੇਂਗਾ।

[ਆਚਾਰਾਂਗ]

※ ਪਹਿਲਾਂ ਗਿਆਨ ਹੈ, ਪਿੱਛੋਂ ਦਿਆ ਅਤੇ ਆਚ-ਰਣ। ਇਸ ਪ੍ਰਕਾਰ ਸਮੁੱਚਾ ਤਿਆਗੀ-ਵਰਗ ਆਪਣੀ ਸੰਜਮ-ਯਾਤਰਾ ਦੇ ਲਈ ਅੱਗੇ ਵੱਧਦਾ ਹੈ। ਭਲਾ ਅਗਿਆਨੀ ਮਨੁੱਖ ਕੀ ਆਤਮ-ਸਾਧਨਾ ਕਰੇਗਾ ? [ਦਸ਼ਵੈਕਾਲਿਕ]

※ ਮਨੁੱਖੀ ਜੀਵਨ ਪਾ ਕੇ ਵਾਸ਼ਨਾਵਾਂ ਨਾਲ ਯੁੱਧ ਕਰੋ। ਬਾਹਰਲੇ ਯੁੱਧਾਂ ਨਾਲ ਉਸਨੂੰ ਕੀ ? ਜੇ ਰਹਿ ਗਏ,